ਦਫਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ

090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ

OFFICE OF THE SUB DIVISIONAL MAGISTRATE-Cum-ELECTORAL REGISTRATION OFFICE

90-RAMPURA PHUL A.C.

Phone No.01651-248225 Fax No. 01651-248025 E-mail: ero90rampuraphul@gmail.com

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

ਵੱਲ

1. ਜ਼ਿਲ੍ਹਾ ਸਿੱਖਿਆ ਅਫ਼ਸਰ ,(ਐਲੀਮੈਂਟਰੀ/ਸੈਕੰਡਰੀ)ਬਠਿੰਡਾ/ਮੋਗਾ।
2. ਉਪ ਮੰਡਲ ਡਵੀਜ਼ਨ, ਨਹਿਰੀ, ਫਰੀਦਕੋਟ।
3. ਉਪ ਮੰਡਲ ਇੰਜੀਨੀਅਰ, ਸਹਿਣਾ ਨਹਿਰ ਉਪ ਮੰਡਲ, ਰਾਮਪੁਰਾ ਫੂਲ।
4. ਕਾਰਜਕਾਰੀ ਇੰਜੀਨੀਅਰ, ਕਨਾਲ ਲਾਇਨਿੰਗ ਡਵੀਜਨ, ਰਾਮਪੁਰਾ।
5. ਕਾਰਜਕਾਰੀ ਇੰਜੀਨੀਅਰ ,.ਵਿ.ਨਿ.ਲੋ ,02 .ਉਸਾਰੀ ਮੰਡਲ ਨੰ ,ਭ ਤੇ ਮ ਸ਼ਾਖਾ, ਬਠਿੰਡਾ।
6. ਕਾਰਜਕਾਰੀ ਇੰਜੀਨੀਅਰ ,.ਵਿ.ਨਿ.ਲੋ ,02 .ਨੈਸ਼ਨਲ ਹਾਈਵੇ ਮੰਡਲ ਨੰ ,ਭ ਤੇ ਮ ਸ਼ਾਖਾ, ਬਠਿੰਡਾ।
7. ਸੀਨੀਅਰ ਮੈਡੀਕਲ ਅਫ਼ਸਰ, ਭਗਤਾ/ਰਾਮਪੁਰਾ।
8. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਭਗਤਾ/ਫੂਲ/ਰਾਮਪੁਰਾ।
9. ਕਾਰਜਕਾਰੀ ਇੰਜੀਨੀਅਰ, ਪੀ.ਐੱਸ.ਪੀ.ਸੀ.ਐੱਲ, ਰਾਮਪੁਰਾ ਫੂਲ/ ਭਗਤਾ।
10. ਖੇਤੀਬਾੜੀ ਅਫ਼ਸਰ ,ਫੂਲ/ਭਗਤਾ/ਰਾਮਪੁਰਾ।
11. ਸਹਾਇਕ ਕਮਿਸ਼ਨਰ ਰਾਜ ਕਰ, ਬਠਿੰਡਾ/ ਸਟੇਟ ਟੈਕਸ ਅਫਸਰ, ਰਾਮਪੁਰਾ।
12. ਖੁਰਾਕ ਸਪਲਾਈ ਅਫਸਰ, ਰਾਮਪੁਰਾ/ਭਗਤਾ।
13. ਬਾਲ ਵਿਕਾਸ ਅਤੇ ਪੰਚਾਇਤ ਅਫਸਰ , ਰਾਮਪੁਰਾ/ਫੂਲ/ਭਗਤਾ।
14. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰਾਮਪੁਰਾ ਫੂਲ।
15. ਕਾਰਜ ਸਾਧਕ ਅਫਸਰ, ਪੰਚਾਇਤ ਅਫਸਰ, ਮਲੂਕਾ/ਕੋਠਾ ਗੁਰੂ/ ਮਹਿਰਾਜ/ ਭਗਤਾ/ ਭਾਈਰੂਪਾ।
16. ਮੈਨੇਜਰ, ਮਾਰਕਫੈਡ ,ਰਾਮਪੁਰਾ ਫੂਲ।
17. ਮੰਡਲ ਭੂਮੀ ਰੱਖਿਆ ਅਫਸਰ, ਬਠਿੰਡਾ।

ਪੱਤਰ ਨੰਬਰ- 4585-4601 /ਚੋਣ ਸ਼ਾਖਾ ਮਿਤੀ- 21.08.2024

ਵਿਸ਼ਾ:- Door to Door survey by BLOs during SSR-2025-Regarding.

ਹਵਾਲਾ:- ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦਾ ਪੱਤਰ ਨੰ..ਚੋਣ-2024/5814-19 ਮਿਤੀ 14.08.2024

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਜੀ ਵੱਲੋ ਯੋਗਤਾ ਮਿਤੀ- 01.01.2025 ਦੇ ਆਧਾਰ ਤੇ Pre Revision Activities ਦਾ Schedule(ਨੱਥੀ) ਪ੍ਰਾਪਤ ਹੋਇਆ ਹੈ। ਜਿਸ ਅਨੁਸਾਰ ਬੀ.ਐਲ.ਓ ਵੱਲੋਂ ਮਿਤੀ- 20.08.2024 ਤੋਂ ਮਿਤੀ- 20.09.2024 ਤੱਕ ਘਰ-ਘਰ ਜਾ ਕੇ ਸਰਵੇ ਕੀਤਾ ਜਾਣਾ ਹੈ ਅਤੇ ਫਾਰਮ ਨੰ. 6,6ਏ, 6ਬੀ , 7 ਅਤੇ 8 ਭਰੇ ਜਾਣੇ ਹਨ। ਉਕਤ ਅਨੁਸਾਰ ਬੀ.ਐੱਲ.ਓ ਵੱਲੋਂ ਘਰ-ਘਰ ਜਾ ਕੇ ਕੀਤੇ ਜਾਣ ਵਾਲੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਸਮੂਹ ਦਫਤਰੀ ਸਟਾਫ/ਸਕੂਲ ਦੇ ਨਾਨ ਟੀਚਿੰਗ/ਟੀਚਿੰਗ ਸਟਾਫ ਜਿਨ੍ਹਾ ਦੀ ਡਿਊਟੀ 090-ਰਾਮਪੁਰਾ ਫੂਲ ਵਿਧਾਨ ਸਭਾ ਹਲਕਾ ਅਧੀਨ ਬਤੌਰ ਬੀ.ਐੱਲ.ਓ ਲੱਗੀ ਹੋਈ ਹੈ ਉਨ੍ਹਾਂ ਨੂੰ ਸਡਿਊਲ ਅਨੁਸਾਰ ਹਰ ਹਫਤੇ ਦੇ ਦਿਨ ਸ਼ੁਕਰਵਾਰ ਅਤੇ ਸ਼ਨੀਵਾਰ ਨੂੰ (ਮਿਤੀ- 20.08.2024 ਤੋਂ ਮਿਤੀ- 20.09.2024 ਤੱਕ) ਚੋਣ ਡਿਊਟੀ ਲਈ ਦਫਤਰੀ/ਸਕੂਲ ਦੀ ਡਿਊਟੀ ਤੋਂ ਫਾਰਗ ਕੀਤਾ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐੱਲ.ਓ ਲੱਗੀ ਹੋਈ ਹੈ ਤਾਂ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐੱਲ.ਓ ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ (ਸਕੈ/ਐਲੀ.) ਸਬੰਧਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜਿਮ੍ਹੇਵਾਰ ਹੋਣਗੇ ਤਾਂ ਜੋ ਡੋਰ ਟੂ ਡੋਰ ਸਰਵੇ ਦੇ ਕੰਮ ਮਿੱਥੇ ਸਮੇਂ ਵਿੱਚ ਮੁਕੰਮਲ ਕੀਤਾ ਜਾ ਸਕੇ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,

-ਕਮ-ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ,

90-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ

ਪਿੱਠ ਅੰਕਣ ਨੰਬਰ- 4602-4604 /ਚੋਣ ਸ਼ਾਖਾ ਮਿਤੀ- 21/08/2024

ਉਪੋਰਕਤ ਦਾ ਉਤਾਰਾ –

1. ਜਿਲ੍ਹਾ ਚੋਣ ਅਫਸਰ, ਬਠਿੰਡਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਸਮੂਹ ਸੁਪਰਵਾਈਜ਼ਰ, 90-ਰਾਮਪੁਰਾ ਫੂਲ, ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਸਮੂਹ ਬੀ.ਐੱਲ.ਓ ਵੱਲੋਂ ਉਕਤ ਸਰਵੇ ਨਿਰਧਾਰਿਤ ਕੀਤੇ ਗਏ ਸਮੇਂ ਦੇ ਅੰਦਰ-ਅੰਦਰ ਮਾਨਯੋਗ ਪੰਜਾਬ ਚੋਣ ਕਮਿਸ਼ਨ ਜੀ ਦੇ ਦਫਤਰ ਦੇ ਪੱਤਰ ਨੰਬਰ Elec-2024/P-7952 ਮਿਤੀ- 14.08.2024 (ਕਾਪੀ ਨੱਥੀ) ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਉਕਤ ਸਰਵੇ ਸਬੰਧੀ ਕੰਮ ਕਰਨ ਵਿੱਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਨਿਮਨਹਸਤਾਖਰ ਨੂੰ ਲਿਖਤੀ ਤੌਰ ਤੇ ਜਾਣੂ ਕਰਵਾਇਆ ਜਾਵੇ।
3. ਸਮੂਹ ਬੀ.ਐੱਲ.ਓ, 90-ਰਾਮਪੁਰਾ ਫੂਲ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ- 01.01.2025 ਦੇ ਆਧਾਰ ਤੇ Pre Revision Activities ਦੇ ਸਬੰਧ ਵਿੱਚ ਮਾਨਯੋਗ ਪੰਜਾਬ ਚੋਣ ਕਮਿਸ਼ਨ ਜੀ ਦੇ ਦਫਤਰ ਦੇ ਪੱਤਰ ਨੰਬਰ Elec-2024/P-7952 ਮਿਤੀ- 14.08. 2024 (ਕਾਪੀ ਨੱਥੀ) ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਮਿਤੀ- 20.08.2024 ਤੋਂ ਮਿਤੀ- 20.09.2024 ਤੱਕ ਘਰ-ਘਰ ਜਾ ਕੇ ਸਰਵੇ ਦਾ ਕੰਮ ਮੁਕੰਮਲ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
-ਕਮ-ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ,
90-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-4/1 ( )2024/ 6081 ਮਿਤੀ: 22/08/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ